ਦੇਸ਼ ਪ੍ਰਦੇਸ਼ ਟਾਈਮਜ਼

# ਖਾਲਸਾ ਕਾਲਜ ਦੇ ਐਨਐਸਐਸ ਵਾਲੰਟੀਅਰ ਵਰੁਨ ਸ਼ਰਮਾ ਦੀ ਹੋਈ ਜੈਪੁਰ ਦੇ ਦਸ ਦਿਨਾਂ 'ਪ੍ਰੀ-ਆਰ ਡੀ ਕੈਂਪ' ਲਈ ਚੋਣ

ਸ੍ਰੀ ਅਨੰਦਪੁਰ ਸਾਹਿਬ 22 ਅਕਤੂਬਰ (ਜੋਗਿੰਦਰ ਰਾਣਾ ) - ਸਥਾਨਕ, ਸ੍ਰੀ ਗੁਰੂ ਤੇਗ ਬਹਾਦੁਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦਾ ਵਿਦਿਆਰਥੀ ਜੈਪੁਰ ਵਿਖੇ ਲੱਗਣ ਵਾਲੇ ਪ੍ਰੀ-ਆਰ ਡੀ ਕੈਂਪ ਲਈ ਚੁਣਿਆ ਗਿਆ, ਜੋ ਕਿ ਕਾਲਜ ਲਈ ਬਹੁਤ ਵੱਡੇ ਮਾਣ ਦੀ ਗੱਲ ਹੈ। ਇਹ ਕੈਂਪ 'ਗਣਤੰਤਰਤਾ ਦਿਵਸ' ਉੱਪਰ ਪਰੇਡ ਕਰਨ ਲਈ ਵਾਲੰਟੀਅਰਜ਼ ਨੂੰ ਟ੍ਰੇਨਿੰਗ ਦੇਣ ਲਈ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਕੇਵਲ ਕੁਝ ਚੋਣਵੇਂ ਐਨਐਸਐਸ ਵਾਲੰਟੀਅਰਜ਼ ਦੀ ਉਹਨਾਂ ਦੀਆਂ ਗਤੀਵਿਧੀਆਂ ਨੂੰ ਦੇਖਦੇ ਹੋਏ ਚੋਣ ਹੋਈ ਹੈ, ਜਿੰਨਾਂ ਵਿੱਚੋਂ ਵਰੁਨ ਸ਼ਰਮਾਂ ਵੀ ਚੁਣਿਆ ਗਿਆ ਹੈ ਅਤੇ ਕੈਂਪ ਵਿੱਚ ਸ਼ਮੂਲੀਅਤ ਕਰਨ ਜਾ ਰਿਹਾ ਹੈ। ਜਿਸ ਨਾਲ ਕਾਲਜ ਦੇ ਮਾਣ ਵਿੱਚ ਵਾਧਾ ਹੋਇਆ ਹੈ। ਕਾਲਜ ਪ੍ਰਿੰਸੀਪਲ ਡਾ: ਜਸਵੀਰ ਸਿੰਘ ਨੇ ਕਾਲਜ ਦੇ ਐਨਐਸਐਸ ਵਾਲੰਟੀਅਰਜ਼ ਅਤੇ ਵਿਦਿਆਰਥੀ ਵਰੁਨ ਦੀ ਸ਼ਲਾਘਾ ਕਰਦਿਆਂ ਉਹਨਾਂ ਨੂੰ ਵਧਾਈ ਦਿੱਤੀ। ਉਨ੍ਹਾਂ ਆਖਿਆ ਕਿ ਇਹ ਬਹੁਤ ਹੀ ਵੱਡੇ ਮਾਣ ਵਾਲ਼ੀ ਗੱਲ ਹੈ ਕਿ ਕਾਲਜ ਦਾ ਵਿਦਿਆਰਥੀ ਗਣਤੰਤਰ ਦਿਵਸ ਦੀ ਪਰੇਡ ਲਈ ਚੁਣਿਆ ਗਿਆ ਹੈ, ਜੋ ਕਿ ਬਾਕੀਆਂ ਲਈ ਵੀ ਪ੍ਰੇਰਣਾ ਸ੍ਰੋਤ ਬਣਦਾ ਹੈ। ਇਸ ਨਾਲ ਕਾਲਜ ਦੀ ਸ਼ਾਨ ਵਿੱਚ ਵਾਧਾ ਹੋਣ ਦੇ ਨਾਲ ਵਿਦਿਆਰਥੀ ਦੇ ਮਾਪਿਆਂ ਦਾ ਨਾਮ ਵੀ ਰੌਸ਼ਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕਾਲਜ ਦੇ ਸਾਰੇ ਵਿਦਿਆਰਥੀ ਹਰ ਸਮੇਂ ਵੱਖੋ-ਵੱਖਰੀਆਂ ਸੇਵਾਵਾਂ ਨਿਭਾਉਣ ਲਈ ਤਿਆਰ ਰਹਿੰਦੇ ਹਨ ਤੇ ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਰਹਿਣ ਨਾਲ ਭਵਿੱਖ ਵਿੱਚ ਉਹਨਾਂ ਨੂੰ ਸੁਨਿਹਰੀ ਮੌਕੇ ਪ੍ਰਦਾਨ ਹੋ ਸਕਦੇ ਹਨ।ਪ੍ਰਿੰਸੀਪਲ ਸਾਹਿਬ ਨੇ ਐਨਐਸਐਸ ਪ੍ਰੋਗਰਾਮ ਅਫਸਰ ਪ੍ਰੋ:ਦਿਲਸ਼ੇਰਬੀਰ ਸਿੰਘ, ਡਾ:ਅਮਨਦੀਪ ਕੌਰ ਅਤੇ ਪ੍ਰੋ:ਪ੍ਰਭਜੋਤ ਕੌਰ ਦੀ ਵਿਦਿਆਰਥੀਆਂ ਦੀ ਯੋਗ ਅਗਵਾਈ ਕਰਨ ਲਈ ਭਰਪੂਰ ਸ਼ਲਾਘਾ ਕੀਤੀ।



ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com